# "ਫਾਰਮ 6"

[ਵੇਖੋ ਨਿਯਮ 13(1) ਅਤੇ 26]

## ਵੋਟਰ ਸੂਚੀ ਵਿਚ ਨਾਮ ਸ਼ਾਮਲ ਕਰਨ ਲਈ ਬਿਨੈ-ਪੱਤਰ

ਸੇਵਾ ਵਿਖੇ

ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ,

................................ਵਿਧਾਨ ਸਭਾ/ £ ਲੋਕ ਸਭਾ ਚੋਣ ਹਲਕਾ

ਹਾਲ ਹੀ ਵਿਚ ਖੀਚਿਆ ਗਿਆ ਪਾਸਪੋਰਟ ਸਾਈਜ਼ ਦਾ ਫੋਟੋ (3.5 ਸੈਂ.ਮੀ. X 3.5 ਸੈਂ.ਮੀ) ਜਿਸ ਵਿਚ ਇਸ ਬਕਸੇ ਦੇ ਅੰਦਰ ਪੂਰੇ ਚੇਹਰੇ ਦੀ ਸਾਹਮਣੇ ਤੋਂ ਸ਼ਕਲ ਸਪਸ਼ਟ ਹੋਵੇ, ਚਿਪਕਾਉਣ ਲਈ ਥਾਂ

ਸ਼੍ਰੀਮਾਨ ਜੀ,

ਮੈਂ ਬੇਨਤੀ ਕਰਦਾ/ਕਰਦੀ ਹਾਂ ਕਿ ਉਪਰੋਕਤ ਚੋਣ ਹਲਕੇ ਲਈ ਵੋਟਰ ਸੂਚੀ ਵਿਚ ਮੇਰਾ ਨਾਮ ਸ਼ਾਮਲ ਕੀਤਾ ਜਾਵੇ। ਵੋਟਰ ਸੂਚੀ ਵਿਚ ਸ਼ਾਮਲ ਕਰਨ ਲਈ ਮੇਰੇ ਦਾਅਵੇ ਦੇ ਸਮਰਥਨ ਵਿਚ ਵੇਰਵੇ ਹੇਠਾਂ ਦਿੱਤੇ ਗਏ ਹਨ:

| | | | |
|---|---|---|---|
| **I. ਬਿਨੈਕਾਰ ਦੇ ਵੇਰਵੇ** | ਨਾਮ | | ਉਪ ਨਾਮ (ਜੇ ਕੋਈ ਹੈ) |
| 1 ਜਨਵਰੀ ............... ਨੂੰ ਉਮਰ # | ਸਾਲ | ਮਹੀਨੇ: | $ ਲਿੰਗ (ਪੁਰਸ਼/ਇਸਤਰੀ/ਹੋਰ): |
| ਜਨਮ ਮਿਤੀ ਜੇ ਕਰ ਪਤਾ ਹੋਵੇ | ਦਿਨ: | ਮਹੀਨਾ: | ਸਾਲ: |
| ਜਨਮ ਸਥਾਨ | ਪਿੰਡ/ਸ਼ਹਿਰ: | | |
| | ਜਿਲਾ : | | ਰਾਜ: |
| * ਪਿਤਾ/ਮਾਤਾ/ਪਤੀ ਦਾ ਨਾਮ | ਨਾਮ | | ਉਪ ਨਾਮ (ਜੇ ਕੋਈ ਹੈ) |

| | |
|---|---|
| **II.** | **ਅਸਥਾਈ ਰਿਹਾਇਸ਼ ਦਾ ਵੇਰਵਾ (ਪੂਰਾ ਪਤਾ):** |
| ਮਕਾਨ/ਘਰ ਨੰਬਰ: | |
| ਗਲੀ/ਖੇਤਰ/ਇਲਾਕਾ/ਮੁੱਹਲਾ/ਸੜਕ: | |
| ਸ਼ਹਿਰ/ਪਿੰਡ: | |
| ਡਾਕਖਾਨਾ: | ਪਿਨ ਕੋਡ |
| ਤਹਿਸੀਲ/ਤਾਲੁਕਾ/ਮੰਡਲ/ਥਾਣਾ: | |
| ਜ਼ਿਲ੍ਹਾ: | |

**III.** ਚੋਣ ਹਲਕੇ ਦੀ ਚਾਲੂ ਵੋਟਰ ਸੂਚੀ ਵਿਚ ਬਿਨੈਕਾਰ ਦੇ ਪਰਿਵਾਰ ਦੇ ਸ਼ਾਮਲ ਮੈਂਬਰ/ਮੈਂਬਰਾਂ ਦਾ ਵੇਰਵਾ:

| ਨਾਮ | ਬਿਨੈਕਾਰ ਨਾਲ ਰਿਸ਼ਤਾ | ਚੋਣ ਹਲਕੇ ਦੀ ਵੋਟਰ ਸੂਚੀ ਦਾ ਭਾਗ ਨੰ. | ਉਸ ਭਾਗ ਦਾ ਲੜੀ ਨੰ. | ਵੋਟਰ ਦਾ ਫੋਟੋ ਸ਼ਨਾਖਤੀ ਕਾਰਡ ਨੰਬਰ |
|---|---|---|---|---|
| 1. | | | | |
| 2. | | | | |

£ ਕੇਂਦਰ ਸ਼ਾਸਿਤ ਪ੍ਰਦੇਸ ਅਤੇ ਜੰਮੂ ਕਸ਼ਮੀਰ ਵਿਚ ਵਿਧਾਨ ਸਭਾ ਚੋਣ ਹਲਕਾ ਨਾ ਹੋਣ ਕਾਰਣ।

# ਕ੍ਰਿਪਾ ਕਰਕੇ ਸਾਲ 2009, 2010 ਆਦਿ ਦਿਓ।

$ ਬਿਨੈਕਾਰ ਵਲੋਂ ਲਿੰਗ ਵਾਲੇ ਕਾਲਮ ਵਿਚ 'ਹੋਰ' ਭਰਿਆ ਜਾਵੇ ਜੇ ਉਹ ਪੁਰਸ਼/ਇਸਤਰੀ ਨਹੀਂ ਦਰਸ਼ਉਣਾ ਚਾਹੁੰਦਾ।

* ਅਣਉਚਿਤ ਵਿਕਲਪ ਕੱਟ ਦਿਓ।

**IV. ਘੋਸ਼ਣਾ**

ਮੈਂ ਇਸ ਰਾਹੀਂ ਆਪਣੇ ਪੂਰੇ ਗਿਆਨ ਤੇ ਵਿਸ਼ਵਾਸ ਨਾਲ ਘੋਸ਼ਣਾ ਕਰਦਾ/ਕਰਦੀ ਹਾਂ ਕਿ:-

(i) ਮੈਂ ਭਾਰਤ ਦਾ/ਦੀ ਨਾਗਰਿਕ ਹਾਂ;

(ii) ਮੈਂ ............................................ (ਮਿਤੀ, ਮਹੀਨਾ, ਸਾਲ) ਤੋਂ ਉਪਰੋਕਤ ਪੈਰਾ **II** ਵਿਚ ਦਿੱਤੇ ਪਤੇ ਤੇ ਰਹਿੰਦਾ ਹਾਂ;

(iii) ਮੈਂ ਆਪਣੇ ਨਾਂ ਨੂੰ ਕਿਸੇ ਹੋਰ ਚੋਣ ਹਲਕੇ ਦੀ ਵੋਟਰ ਸੂਚੀ ਵਿਚ ਸ਼ਾਮਲ ਕਰਨ ਲਈ ਬਿਨੈ ਪੱਤਰ ਨਹੀਂ ਦਿੱਤਾ।

(iv) *ਇਸ ਜਾਂ ਕਿਸੇ ਹੋਰ ਵਿਧਾਨ ਸਭਾ ਚੋਣ ਹਲਕੇ ਦੀ ਵੋਟਰ ਸੂਚੀ ਵਿਚ ਮੇਰਾ ਨਾਮ ਪਹਿਲਾਂ ਸ਼ਾਮਲ ਨਹੀਂ ਕੀਤਾ ਗਿਆ ਹੈ।

**ਜਾਂ**

*ਮੇਰਾ ਨਾਮ ................................................. ਰਾਜ ਦੇ ...................................ਚੋਣ ਹਲਕੇ ਦੇ, ਜਿਥੇ ਮੈਂ ਹੇਠਾਂ ਦਿੱਤੇ ਪਤੇ ਤੇ ਪਹਿਲਾਂ ਅਸਥਾਈ ਤੌਰ ਤੇ ਰਹਿੰਦਾ ਸੀ, ਦੀ ਵੋਟਰ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੋਵੇਗਾ ਅਤੇ ਜੇਕਰ ਅਜਿਹਾ ਹੈ ਤਾਂ ਮੈਂ ਬੇਨਤੀ ਕਰਦਾ/ਕਰਦੀ ਹਾਂ ਕਿ ਉਸਨੂੰ ਵੋਟਰ ਸੂਚੀ ਤੋਂ ਕੱਟ ਦਿੱਤਾ ਜਾਵੇ।

| ਪੂਰਾ ਪਤਾ (ਅਸਥਾਈ ਰਿਹਾਇਸ਼ ਦਾ ਪਹਿਲਾ ਪਤਾ): | ਵੋਟਰ ਦਾ ਫੋਟੋ ਸਨਾਖਤੀ ਕਾਰਡ ਨੰਬਰਾਂ (ਜੇ ਜਾਰੀ ਕੀਤਾ ਗਿਆ ਹੈ) ਦਾ |
|---|---|
| ------------------------------------<br>------------------------------------<br>------------------------------------<br>------------------------------------ | -----------------------------<br>ਜਾਰੀ ਕਰਨ ਦੀ ਮਿਤੀ ______________ |

ਸਥਾਨ:

ਮਿਤੀ: ਦਾਅਵੇਦਾਰ ਦੇ ਹਸਤਾਖ਼ਰ ਜਾਂ ਅੰਗੂਠੇ ਦਾ ਨਿਸ਼ਾਨ

**ਟਿੱਪਣੀ - ਕੋਈ ਵਿਅਕਤੀ ਜੋ ਅਜਿਹਾ ਬਿਆਨ ਜਾਂ ਘੋਸ਼ਣਾ ਕਰਦਾ ਹੈ ਜੋ ਗਲਤ ਹੈ ਜਾਂ ਜਿਸ ਦੇ ਗਲਤ ਹੋਣ ਬਾਰੇ ਉਹ ਜਾਣਦਾ ਜਾਂ ਵਿਸ਼ਵਾਸ ਕਰਦਾ ਹੈ ਜਾਂ ਜਿਸਦੇ ਸੱਚ ਹੋਣ ਦਾ ਵਿਸ਼ਵਾਸ ਨਹੀਂ ਹੈ, ਉਹ ਲੋਕ ਪ੍ਰਤੀਨਿਧਤਾ ਐਕਟ 1950 (1950 ਦਾ 43) ਦੀ ਧਾਰਾ 31 ਅਧੀਨ ਦੰਡ ਯੋਗ ਹੈ।**

* ਅਣਉਚਿਤ ਵਿਕਲਪ ਕਟ ਦਿਓ।.

**ਕੀਤੀ ਗਈ ਕਾਰਵਾਈ ਦਾ ਵੇਰਵਾ**
**(ਚੋਣ ਹਲਕੇ ਦੇ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ ਦੁਆਰਾ ਭਰਿਆ ਜਾਵੇ।)**

ਸ਼੍ਰੀ/ਸ਼੍ਰੀਮਤੀ/ਕੁਮਾਰੀ.................................................................................ਦਾ ਵੋਟਰ ਸੂਚੀ ਵਿਚ ਨਾਮ ਸ਼ਾਮਲ ਕਰਨ ਲਈ ਫਾਰਮ 6 ਵਿਚ ਬਿਨੈ-ਪੱਤਰ ਨੂੰ ਸਵੀਕਾਰ* ਕਰ ਲਿਆ ਗਿਆ ਹੈ / ਨਾਮੰਨਜ਼ੂਰ * ਕਰ ਦਿਤਾ ਕੀਤਾ ਗਿਆ ਹੈ।

*ਸਵੀਕਾਰ ਕਰਨ [ ਨਿਯਮ 18*/20*/26(4) [£] ਦੇ ਅਧੀਨ ਜਾਂ ਉਸਦੇ ਅਨਸਾਰ] ਜਾਂ ਨਾਮੰਨਜ਼ੂਰ ਕਰਨ [ ਨਿਯਮ 17*/20*/26(4) [£] ਦੇ ਅਧੀਨ ਜਾਂ ਉਸਦੇ ਅਨੁਸਾਰ ] ਦੇ ਲਈ ਵਿਸਤ੍ਰਿਤ ਕਾਰਣ।

| | | |
|---|---|---|
| ਸਥਾਨ:<br><br>ਮਿਤੀ: | ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰਦੇ ਹਸਤਾਖਰ | (ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ ਦੀ ਮੋਹਰ) |

[£] ਵੋਟਰ ਸੂਚੀ ਦੀ ਅੰਤਿਮ ਪ੍ਰਕਾਸ਼ਨਾ ਤੋਂ ਬਾਅਦ ਉਸਦੀ ਨਿਰੰਤਰ ਸੋਧ ਦੇ ਦੌਰਾਨ।

* ਅਣਉਚਿਤ ਵਿਕਲਪ ਕੱਟ ਦਿਓ।.

ਖੇਤਰੀ ਪਦ-ਅਦਿਕਾਰੀ (ਅਰਥਾਤ ਮਤ)ਾਨ ਕੇਂਦਰ ਸਤਰ ਦਾ ਪਦ-ਅਧਿਕਾਰੀ, ਸਹਾਇਕ ਅਧਿਕਾਰੀ, ਅਧਿਕਾਰੀ) ਦੀ ਟਿੱਪਣੀ

<u>**ਬਿਨੈ ਪੱਤਰ ਦੀ ਰਸੀਦ**</u>

**ਸ਼੍ਰੀ/ਸ਼੍ਰੀਮਤੀ/ਕੁਮਾਰੀ.......................................................................................................................................................

ਪਤਾ................................................................................................................. ਦਾ ਬਿਨੈ ਪੱਤਰ ਫਾਰਮ-6 ਵਿੱਚ ਪ੍ਰਾਪਤ ਕੀਤਾ।

ਮਿਤੀ.............................

ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ ਦੀ ਤਰਫੋਂ
ਬਿਨੈ ਪੱਤਰ ਪ੍ਰਾਪਤ ਕਰਨ ਵਾਲੇ ਅਫਸਰ ਦੇ ਹਸਤਾਖਰ
(ਪਤਾ).......................................................

...............................................................

**ਬਿਨੈਕਾਰ ਵਲੋਂ ਭਰਿਆ ਜਾਵੇ

...........................................................................................(ਇਥੋ ਕੱਟੋ)...........................................................................................

## ਫਾਰਮ- 6 ਭਰਨ ਲਈ ਦਿਸ਼ਾ ਨਿਰਦੇਸ਼

**ਫਾਰਮ - 6 ਕੌਣ ਭਰ ਸਕਦਾ ਹੈ**

1. ਉਸ ਸਾਲ ਦੀ ਜਨਵਰੀ ਦੀ ਪਹਿਲੀ ਤਾਰੀਖ ਨੂੰ ਯੋਗਤਾ ਮਿਤੀ ਦੇ ਆਧਾਰ ਤੇ ਵੋਟਰ ਸੂਚੀ ਦੀ ਸੁਧਾਈ ਕੀਤੀ ਜਾ ਰਹੀ ਹੈ, 18 ਸਾਲ ਜਾਂ ਉਸ ਤੋਂ ਵੱਧ ਉਮਰ ਦਾ ਵਿਅਕਤੀ ਜੋ ਪਹਿਲੀ ਵਾਰ ਬਿਨੈ-ਪੱਤਰ ਦੇ ਰਿਹਾ ਹੈ।
2. ਕਿਸੀ ਚੋਣ ਹਲਕੇ ਦੀ ਵੋਟਰ ਸੂਚੀ ਵਿਚ ਪਹਿਲਾਂ ਤੋਂ ਹੀ ਨਾਮਜਦ ਉਹ ਵੋਟਰ ਜਿਸਦਾ ਮਾਮੂਲੀ ਤੌਰ ਤੇ ਨਿਵਾਸ ਅਸਥਾਨ ਜਾਂ ਹੋਰ ਹਲਕੇ ਵਿਚ ਤਬਾਦਲਾ ਹੋ ਗਿਆ ਹੈ।

**ਫਾਰਮ - 6 ਕਦੋਂ ਦਾਖਲ ਕੀਤਾ ਜਾ ਸਕਦਾ ਹੈ**

1. ਚੋਣ ਹਲਕੇ ਦੀ ਵੋਟਰ ਸੂਚੀ ਦੇ ਮੁੱਢਲੀ ਪ੍ਰਕਾਸ਼ਨਾ ਤੋਂ ਬਾਅਦ ਬਿਨੈ-ਪੱਤਰ ਦਾਖਲ ਕੀਤਾ ਜਾ ਸਕਦਾ ਹੈ। ਬਿਨੈ-ਪੱਤਰ, ਇਸ ਮੰਤਵ ਦੇ ਲਈ ਮਿਥੇ ਸਮੇਂ ਦੇ ਅੰਦਰ ਅੰਦਰ ਹੀ ਦਾਖਲ ਕੀਤਾ ਜਾ ਸਕਦਾ ਹੈ। ਜਦੋਂ ਸੁਧਾਈ ਦੇ ਪ੍ਰੋਗ੍ਰਾਮ ਦੀ ਘੋਸ਼ਣਾ ਹੁੰਦੀ ਹੈ, ਤਾਂ ਮਿਥੇ ਸਮੇਂ ਦਾ ਸਹੀ ਪ੍ਰਚਾਰ ਕੀਤਾ ਜਾਂਦਾ ਹੈ।
2. ਬਿਨੈ-ਪੱਤਰ ਦੀ ਕੇਵਲ ਇਕ ਕਾਪੀ ਹੀ ਦਾਖਲ ਕਰਨੀ ਹੁੰਦੀ ਹੈ।
3. ਨਾਮ ਸ਼ਾਮਿਲ ਕਰਨ ਲਈ ਬਿਨੈ-ਪੱਤਰ ਸੁਧਾਈ ਪ੍ਰੋਗ੍ਰਾਮ ਜਾਰੀ ਨਹੀਂ ਰਹਿਣ ਤੇ ਵੀ ਸਾਲ ਵਿਚ ਕਦੇ ਵੀ ਦਾਖਲ ਕੀਤਾ ਜਾ ਸਕਦਾ ਹੈ। ਜਦੋਂ ਸੁਧਾਈ ਨਾ ਹੋਵੇ ਤਾਂ ਇਸ ਦੌਰਾਨ ਬਿਨੈ-ਪੱਤਰ ਦੋ ਪਰਤਾਂ ਵਿਚ ਦਾਖਲ ਕੀਤਾ ਜਾਣਾ ਚਾਹੀਦਾ ਹੈ।

**ਫਾਰਮ - 6 ਕਿਥੇ ਦਾਖਲ ਕੀਤਾ ਜਾਵੇ**

1. ਸੁਧਾਈ ਦੇ ਸਮੇਂ ਦੌਰਾਨ ਬਿਨੈਕਾਰ ਉਨ੍ਹਾਂ ਦੁਆਰਾ ਦੱਸੇ ਸਥਾਨਾਂ (ਖਾਸ ਕਰਕੇ ਮਤਦਾਨ ਕੇਂਦਰ ਤੇ) ਜਿਥੇ ਚੋਣ ਹਲਕੇ ਦੀ ਮੁੱਢਲੀ ਵੋਟਰ ਸੂਚੀ ਪ੍ਰਕਾਸ਼ਿਤ ਕੀਤੀ ਗਈ ਹੋਵੇ, ਦੇ ਨਾਲ ਨਾਲ ਚੋਣ ਹਲਕੇ ਦੇ ਚੋਣਕਾਰ ਰਜਿਸਟ੍ਰੇਸ਼ਨ ਅਫਸਰ ਕੋਲ ਦਾਖਲ ਕੀਤਾ ਜਾ ਸਕਦਾ ਹੈ।
2. ਸਾਲ ਦੇ ਹੋਰ ਸਮੇਂ ਦੌਰਾਨ ਜਦੋਂ ਸੁਧਾਈ ਦਾ ਕੰਮ ਨਹੀਂ ਚੱਲ ਰਿਹਾ ਹੋਵੇ, ਤੱਦ ਬਿਨੈ-ਪੱਤਰ ਕੇਵਲ ਚੋਣਕਾਰ ਰਜਿਸਟ੍ਰੇਸ਼ਨ ਅਫਸਰ ਕੋਲ ਹੀ ਦਾਖਲ ਕੀਤਾ ਜਾ ਸਕਦਾ ਹੈ।

**ਫਾਰਮ - 6 ਕਿਵੇਂ ਭਰੀਏ**

1. ਬਿਨੈ-ਪੱਤਰ ਉਸ ਚੋਣ ਹਲਕੇ ਦੇ ਚੋਣਕਾਰ ਰਜਿਸਟ੍ਰੇਸ਼ਨ ਅਫਸਰ ਨੂੰ ਸੰਬੋਧਿਤ ਕੀਤਾ ਜਾਣਾ ਚਾਹੀਦਾ ਹੈ, ਜਿਥੇ ਤੁਸੀਂ ਦਰਜ ਕਰਵਾਉਣਾ ਚਾਹੁੰਦੇ ਹੋ। ਖਾਲੀ ਥਾਂ ਵਿਚ ਚੋਣ ਹਲਕੇ ਦੇ ਨਾਮ ਦਾ ਵੇਰਵਾ ਦਿੱਤਾ ਜਾਣਾ ਚਾਹੀਦਾ ਹੈ।

2. ਨਾਮ (ਦਸਤਾਵੇਜੀ ਸਬੂਤਾਂ ਨਾਲ)
   ਨਾਮ, ਜਿਵੇਂ ਕਿ ਉਸੇ ਚੋਣ ਹਲਕੇ ਦੀ ਵੋਟਰ ਸੂਚੀ ਅਤੇ ਫੋਟੋ ਸ਼ਨਾਖਤੀ ਕਾਰਡ (ਈ.ਪੀ.ਆਈ.ਸੀ) ਵਿਚ ਹੋਣਾ ਚਾਹੀਦਾ ਹੈ, ਲਿਖਿਆ ਜਾਣਾ ਚਾਹੀਦਾ ਹੈ। ਉਪਨਾਮ ਨੂੰ ਛੱਡ ਕੇ ਪੂਰਾ ਨਾਮ ਪਹਿਲੇ ਖਾਨੇ ਵਿਚ ਲਿਖਿਆ ਜਾਣਾ ਚਾਹੀਦਾ ਹੈ ਅਤੇ ਉਪਨਾਮ ਦੂਸਰੇ ਖਾਨੇ ਵਿਚ ਲਿਖਿਆ ਜਾਣਾ ਚਾਹੀਦਾ ਹੈ। ਤੁਹਾਡਾ ਉਪਨਾਮ ਨਹੀਂ ਹੋਣ ਤੇ ਕੇਵਲ ਨਾਮ ਹੀ ਲਿਖੋ। ਅਜਿਹੇ ਮਾਮਲਿਆਂ, ਜਿਥੇ ਜਾਤ ਦੇ ਨਾਮ ਵੋਟਰ ਦੇ ਨਾਮ ਜਾਂ ਉਪਨਾਮ ਦੇ ਅੰਸ਼ ਰੂਪ ਵਿਚ ਠੀਕ ਹੈ ਨੂੰ ਛੱਡ ਕੇ, ਹੋਰ ਕਿੱਤੇ ਨਹੀਂ ਕੀਤਾ ਜਾਣਾ ਚਾਹੀਦਾ। ਆਦਰ ਯੋਗ ਪਦਵੀਆਂ ਜਿਵੇਂ ਕਿ ਸ਼੍ਰੀ, ਸ਼੍ਰੀਮਤੀ, ਕੁਮਾਰੀ, ਖਾਨ, ਬੇਗਮ, ਪੰਡਿਤ ਆਦਿ ਦਾ ਵੇਰਵਾ ਨਹੀਂ ਕੀਤਾ ਜਾਣਾ ਚਾਹੀਦਾ।

3. ਉਮਰ (ਦਸਤਾਵੇਜੀ ਸਬੂਤਾਂ ਨਾਲ)

ਉਸ ਸਾਲ ਦੀ 1 ਜਨਵਰੀ, ਜਿਸਦੀ ਯੋਗਤਾ ਮਿਤੀ ਦੇ ਆਧਾਰ ਤੇ ਵੋਟਰ ਸੂਚੀ ਦੀ ਸੁਧਾਈ ਕੀਤੀ ਜਾ ਰਹੀ ਹੈ, ਨੂੰ ਬਿਨੈਕਾਰ ਦੀ ਉਮਰ 18 ਸਾਲ ਜਾਂ ਵੱਧ ਹੋਣੀ ਚਾਹੀਦੀ ਹੈ। ਉਮਰ ਸਾਲ ਮਹੀਨੇ ਵਿਚ ਦਰਸਾਈ ਗਈ ਹੋਣੀ ਚਾਹੀਦੀ ਹੈ। ਉਦਾਹਰਣ ਦੇ ਤੌਰ ਤੇ ਉਹ ਵਿਅਕਤੀ ਜਿਸਦਾ ਜਨਮ 01.01.1991 ਨੂੰ ਜਾਂ ਉਸਤੋਂ ਪਹਿਲਾਂ ਹੋਇਆ ਹੋਵੇ, 01.01.2009 ਦੀ ਯੋਗਤਾ ਮਿਤੀ ਅਨੁਸਾਰ ਸੁਧਾਈ ਵੋਟਰ ਸੂਚੀ ਵਿਚ ਆਪਣਾ ਨਾਮ ਦਰਜ ਕਰਵਾਉਣ ਯੋਗ ਹੋਵੇਗਾ। ਜਿਸ ਵਿਅਕਤੀ ਦਾ ਜਨਮ 02.01.1991 ਜਾਂ ਉਸਤੋਂ ਬਾਅਦ ਅਤੇ 01.01.1992 ਤੱਕ ਹੋਇਆ ਹੈ, ਉਹ 01.01.2010 ਦੀ ਯੋਗਤਾ ਮਿਤੀ ਦੇ ਆਧਾਰ ਤੇ ਹੋਣ ਵਾਲੀ ਸੁਧਾਈ ਵਿਚ ਨਾਮ ਸ਼ਾਮਲ ਕਰਵਾਉਣ ਦੇ ਯੋਗ ਹੋਵੇਗਾ।

4. ਲਿੰਗ

ਦਿੱਤੇ ਗਏ ਸਥਾਨ ਤੇ ਲਿੰਗ ਸਪਸ਼ਟ ਰੂਪ ਵਿਚ ਲਿਖੋ, ਜਿਵੇਂ ਕਿ ਪੁਰਸ਼/ ਇਸਤਰੀ। ਜੇਕਰ ਬਿਨੈਕਾਰ ਪੁਰਸ਼ ਜਾਂ ਇਸਤਰੀ ਨਹੀਂ ਲਿਖਣਾ ਚਾਹੁੰਦਾ ਤਾਂ ਆਪਣੇ ਲਿੰਗ ਨੂੰ ਹੋਰ ਲਿਖ ਸਕਦਾ ਹੈ।

5. ਜਨਮ ਮਿਤੀ (ਦਸਤਾਵੇਜ਼ੀ ਸਬੂਤਾਂ ਨਾਲ)

ਜਨਮ ਮਿਤੀ ਨੂੰ ਤਾਰੀਖ/ਮਹੀਨਾ/ਸਾਲ ਇਸ ਕ੍ਰਮ ਵਿਚ ਨਿਰਧਾਰਤ ਸਥਾਨ ਤੇ ਅੰਕਾ ਵਿਚ ਭਰੋ। ਜਨਮ ਮਿਤੀ ਦੇ ਪ੍ਰਮਾਣ ਦੇ ਰੂਪ ਵਿਚ ਹੇਠ ਲਿਖੇ ਦਸਤਾਵੇਜ਼ ਸਲੰਗਣ ਕਰੋ:-

- (i) ਨਗਰ ਪਾਲਿਕਾ ਅਧਿਕਾਰੀਆਂ ਜਾਂ ਜ਼ਿਲਾ ਨਿਬੰਧਕ, ਜਨਮ ਅਤੇ ਮੌਤ ਰਜਿਸਟ੍ਰੇਸ਼ਨ ਦੇ ਦਫਤਰ ਦੁਆਰਾ ਜਾਰੀ ਕੀਤਾ ਗਿਆ ਜਨਮ ਪ੍ਰਮਾਣ ਪੱਤਰ- ਜਾਂ ਬੈਪਟੀਜ਼ਮ ਪ੍ਰਮਾਣ ਪੱਤਰ ਜਾਂ
- (ii) ਬਿਨੈਕਾਰ ਦੁਆਰਾ ਦਾਖਲਾ ਲਏ ਗਏ ਅੰਤਮ (ਸਰਕਾਰੀ/ਮਾਨਤਾ ਪ੍ਰਾਪਤ) ਸਕੂਲ ਜਾਂ ਹੋਰ ਮਾਨਤਾ ਪ੍ਰਾਪਤ ਵਿੱਦਿਅਕ ਸੰਸਥਾ ਤੋਂ ਪ੍ਰਾਪਤ ਜਨਮ ਪ੍ਰਮਾਣ ਪੱਤਰ ਜਾਂ
- (iii) ਅਨਪੜ੍ਹ ਜਾਂ ਘੱਟ ਪੜ੍ਹੇ ਲਿਖੇ ਬਿਨੈਕਾਰ ਨੂੰ ਜਿਸਦੇ ਕੋਲ ਉਕਤ ਕੋਈ ਵੀ ਦਸਤਾਵੇਜ਼ ਨਹੀਂ ਹੈ, ਆਪਣੇ ਮਾਤਾ ਜਾਂ ਪਿਤਾ, ਜਿਸਦਾ ਨਾਮ ਪਹਿਲਾਂ ਤੋਂ ਹੀ ਵੋਟਰ ਸੂਚੀ ਵਿਚ ਸ਼ਾਮਿਲ ਹੈ, ਦੁਆਰਾ ਬਿਨੈਕਾਰ ਦੀ ਉਮਰ ਦੇ ਸਮਰਥਨ ਵਿਚ ਦੱਸੇ ਗਏ ਫਾਰਮ ਵਿਚ ਇਕ ਘੋਸ਼ਣਾ ਪੱਤਰ ਨੱਥੀ ਕਰਨਾ ਪਵੇਗਾ। ਫਾਰਮ ਮੰਗੇ ਜਾਣ ਤੇ ਉਪਲੱਬਧ ਕਰਵਾਇਆ ਜਾਵੇਗਾ।

ਟਿਪਣੀ:- ਬਿਨੈਕਾਰ ਦੀ ਜਨਮ ਮਿਤੀ 26.01.1989 ਨੂੰ ਜਾਂ ਉਸਦੇ ਬਾਅਦ ਹੋਣ ਦੀ ਸਥਿਤੀ ਵਿਚ , ਕੇਵਲ ਨਗਰਪਾਲਿਕਾ ਅਧਿਕਾਰੀ ਜਾਂ ਜਨਮ ਅਤੇ ਮੌਤ ਰਜਿਸਟ੍ਰੇਸ਼ਨ ਜਿਲਾ ਦਫਤਰ ਦੁਆਰਾ ਜਾਰੀ ਕੀਤਾ ਗਿਆ ਪ੍ਰਮਾਣ ਪੱਤਰ ਹੀ ਸਵੀਕਾਰ ਹੋਵੇਗਾ।

6. ਜਨਮ ਸਥਾਨ

ਜਨਮ ਸਥਾਨ ਭਾਰਤ ਵਿਚ ਹੋਣ ਦੀ ਦਸ਼ਾ ਵਿਚ, ਕਿਰਪਾ ਕਰਕੇ ਸਥਾਨ ਦਾ ਨਾਮ ਜਿਵੇਂ ਪਿੰਡ/ਸ਼ਹਿਰ/ਜ਼ਿਲ੍ਹਾ, ਰਾਜ ਦਾ ਵੇਰਵਾ ਲਿਖੋ।

7. ਪਰਿਵਾਰ ਦੇ ਹੋਰ ਮੈਂਬਰਾਂ ਦੇ ਨਾਮ

ਅਣਵਿਆਹੀ ਇਸਤਰੀ ਬਿਨੈਕਾਰ ਦੇ ਮਾਮਲੇ ਵਿਚ ਪਿਤਾ/ਮਾਤਾ ਦਾ ਨਾਮ ਲਿਖਿਆ ਜਾਵੇ। ਵਿਆਹੀ ਇਸਤਰੀ ਬਿਨੈਕਾਰ ਦੇ ਮਾਮਲੇ ਵਿਚ ਪਤੀ ਦਾ ਨਾਮ ਦਾ ਲਿਖਿਆ ਜਾਵੇ। ਇਸ ਕਾਲਮ ਵਿਚ ਅਣਉਚਿਤ ਵਿਕਲਪ ਕੱਟ ਦਿਓ।

8. ਵਰਤਮਾਨ ਅਸਥਾਈ ਤੌਰ ਤੇ ਰਿਹਾਇਸ਼ ਦਾ ਸਥਾਨ

ਦਿੱਤੇ ਗਏ ਸਥਾਨ ਵਿਚ ਪਿੰਨ ਕੋਡ ਸਹਿਤ ਉਸ ਥਾਂ ਦਾ ਪੂਰਾ ਡਾਕ-ਪਤਾ ਲਿਖਿਆ ਜਾਵੇ, ਜਿਥੇ ਤੁਸੀਂ ਅਸਥਾਈ ਤੌਰ ਤੇ ਰਹਿ ਰਹੇ ਹੋ ਅਤੇ ਰਜਿਸਟਰ ਕਰਾਉਣਾ ਚਾਹੁੰਦੇ ਹੋ।

ਵਰਤਮਾਨ ਅਸਥਾਈ ਤੌਰ ਤੇ ਰਿਹਾਇਸ਼ ਦੇ ਸਥਾਨ ਲਈ ਹੇਠ ਲਿਖੇ ਦਸਤਾਵੇਜ਼ ਨੱਥੀ ਕਰੋ:-

- (i) ਬੈਂਕ/ਕਿਸਾਨ/ਡਾਕ-ਘਰ ਦੀ ਚਾਲੂ ਪਾਸ ਬੁਕ, ਜਾਂ
- (ii) ਬਿਨੈਕਾਰ ਦਾ ਰਾਸ਼ਨ ਕਾਰਡ/ਪਾਸਪੋਰਟ /ਡਰਾਇਵਿੰਗ ਲਾਇਸੈਂਸ/ ਆਮਦਨ ਕਰ ਨਿਰਧਾਰਣ ਹੁਕਮ, ਜਾਂ
- (iii) ਬਿਨੈਕਾਰ ਜਾਂ ਉਸਦੇ ਨੇੜੇ ਦੇ ਰਿਸ਼ਤੇਦਾਰ ਜਿਵੇਂ ਕਿ ਮਾਤਾ-ਪਿਤਾ ਆਦਿ ਦੇ ਨਾਮ ਉਸ ਪਤੇ ਤੇ ਪਾਣੀ/ਟੈਲੀਫੂਨ/ਬਿਜਲੀ/ਗੈਸ ਕੁਨੈਕਸ਼ਨ ਦਾ ਬਿਲ, ਜਾਂ
- (iv) ਡਾਕ ਵਿਭਾਗ ਦੁਆਰਾ ਦਿੱਤੇ ਗਏ ਪੱਤੇ ਤੇ ਪ੍ਰਾਪਤ ਕੀਤੀ ਗਈ/ਸਪੁਰਦ ਕੀਤੀ ਗਈ ਡਾਕ।

9. ਵੋਟਰ ਸੂਚੀ ਵਿਚ ਪਹਿਲਾਂ ਤੋਂ ਸਾਮਿਲ ਪਰਿਵਾਰ ਦੇ ਮੈਂਬਰਾਂ ਦੇ ਵੇਰਵੇ ਕਿਰਪਾ ਕਰਕੇ ਨੇੜੇ ਦੇ ਰਿਸ਼ਤੇਦਾਰ ਜਿਵੇਂ ਕਿ ਪਿਤਾ/ ਮਾਤਾ/ ਭਰਾ/ ਭੈਣ/ ਪਤੀ/ ਪਤਨੀ ਦਾ ਨਾਮ ਅਤੇ ਹੋਰ ਵੇਰਵੇ ਲਿਖੋ ਜਿਨ੍ਹਾਂ ਨੂੰ ਵਰਤਮਾਨ ਵੋਟਰ ਸੂਚੀ ਵਿਚ ਸ਼ਾਮਲ ਕਰ ਲਿਆ ਗਿਆ ਹੈ। ਕਿਸੀ ਹੋਰ ਰਿਸ਼ਤੇਦਾਰ ਜਿਵੇਂ ਕਿ ਚਾਚਾ, ਚਾਚੀ, ਰਚੇਰੇ ਭਰਾ/ ਭੈਣ ਆਦਿ ਦੇ ਨਾਮ ਦਾ ਵੇਰਵਾ ਨਹੀਂ ਦਿੱਤਾ ਜਾਣਾ ਹੈ।

10. ਘੋਸ਼ਣਾ

ਕਿਰਪਾ ਕਰਕੇ ਉਹ ਮਿਤੀ ਲਿਖੋ ਜਦੋਂ ਤੋਂ ਤੁਸੀਂ ਦਿੱਤੇ ਗਏ ਪੱਤੇ ਤੇ ਰਹਿ ਰਹੇ ਹੋ। ਜੇਕਰ ਨਿਸ਼ਚਿਤ ਮਿਤੀ ਪਤਾ ਨਾ ਹੋਵੇ ਤਾਂ ਮਹੀਨੇ ਜਾਂ ਸਾਲ ਦਾ ਜਿਕਰ ਕਰੋ।

ਜੇਕਰ ਤੁਹਾਡਾ ਨਾਮ ਪਹਿਲਾਂ ਹੀ ਕਿਸੇ ਹੋਰ ਚੋਣ ਹਲਕੇ ਦੀ ਵੋਟਰ ਸੂਚੀ ਵਿਚ ਸ਼ਾਮਲ ਕੀਤਾ ਜਾ ਚੁੱਕਾ ਹੈ, ਤਾਂ ਕਿਰਪਾ ਕਰਕੇ ਪਿੰਨ ਕੋਡ ਦੇ ਨਾਲ ਆਪਣੇ ਪੁਰਾਣੇ ਪਤੇ ਦਾ ਪੂਰਾ ਵੇਰਵਾ ਸਪਸ਼ਟ ਅੱਖਰਾਂ ਵਿਚ ਲਿਖੋ।

ਜੇਕਰ ਤੁਹਾਡੇ ਕੋਲ ਚੋਣ ਕਮਿਸ਼ਨ ਦੁਆਰਾ ਜਾਰੀ ਫੋਟੋ ਸ਼ਨਾਖਤੀ ਕਾਰਡ ਹੈ ਤਾਂ ਕਿਰਪਾ ਕਰਕੇ ਸ਼ਨਾਖਤੀ ਕਾਰਡ ਦਾ ਨੰਬਰ (ਸਾਮ੍ਹਣੇ ਪਾਸੇ ਤੇ ਲਿਖਿਆ ਹੋਇਆ) ਅਤੇ ਉਸਦੇ ਜਾਰੀ ਕਰਨ ਦੀ ਮਿਤੀ (ਪਿਛਲੇ ਪਾਸੇ ਤੇ ਲਿਖੀ ਹੋਈ) ਬਿਨੈਪੱਤਰ ਤੇ ਢੁਕਵੇਂ ਸਥਾਨ ਤੇ ਲਿਖੋ। ਕਿਰਪਾ ਕਰਕੇ ਸ਼ਨਾਖਤੀ ਕਾਰਡ ਦੇ ਦੋਵੇਂ ਪਾਸੇ ਦੀ ਫੋਟੋ ਕਾਪੀ ਕਰਵਾਕੇ ਨਾਲ ਨੱਥੀ ਕਰੋ।

ਵਿਸ਼ੇਸ਼ ਕਥਨ

ਕਈ ਸਥਾਨਾਂ ਤੇ ਵੋਟਰ ਸੂਚੀ ਵਿਚ ਵੋਟਰ ਦੀ ਫੋਟੋ ਵੀ ਛਪੀ ਹੋਈ ਹੈ। ਤੁਹਾਡੇ ਕੋਲ ਫਾਰਮ ਦੇ ਨਾਲ ਇੱਕ ਪਾਸਪੋਰਟ ਸਾਈਜ਼ ਦੀ ਵਰਤਮਾਨ ਰੰਗੀਨ ਫੋਟੋ ਜਮਾ ਕਰਨ ਦਾ ਵਿਕੱਲਪ ਹੈ। ਜੇਕਰ ਲੋੜ ਹੋਈ ਤਾਂ ਇਸ ਫੋਟੋ ਦੀ ਵਰਤੋਂ ਵੋਟਰ ਸੂਚੀ ਵਿਚ ਤੁਹਾਡੀ ਫੋਟੋ ਛਾਪਣ ਅਤੇ ਫੋਟੋ ਸ਼ਨਾਖਤੀ ਕਾਰਡ ਜਾਰੀ ਕਰਨ ਲਈ ਕੀਤੀ ਜਾਵੇਗੀ।